ਦੁਕਾਨਾਂ ਦੇ ਬੋਰਡ ਮਾਤ ਭਾਸ਼ਾ ਪੰਜਾਬੀ ਵਿੱਚ ਲਿਖਣੇ ਲਾਜ਼ਮੀ : ਭਾਸ਼ਾ ਅਫ਼ਸਰ

ਆਜ਼ਾਦ ਸੋਚ, ਪਰਿੰਸ ਜਿੰਦਲ, ਭੀਖੀ, 17 ਜਨਵਰੀ :

ਪੰਜਾਬ ਸਰਕਾਰ ਵੱਲੋਂ ਮਾਤ ਭਾਸ਼ਾ ਨੂੰ ਬਣਦਾ ਸਤਿਕਾਰ ਦੇਣ ਹਿੱਤ ਮੁੱਖ ਮੰਤਰੀ ਭਗਵੰਤ ਮਾਨ ਅਤੇ ਉਚੇਰੀ ਸਿੱਖਿਆ ਤੇ ਭਾਸ਼ਾ ਮੰਤਰੀ ਹਰਜੋਤ ਸਿੰਘ ਬੈਂਸ ਦੀ ਅਗਵਾਈ ਹੇਠ ਨਿੱਘਰ ਉਪਰਾਲੇ ਕੀਤੇ ਜਾ ਰਹੇ ਹਨ। ਇਸ ਸਬੰਧੀ ਡਾਇਰੈਕਟਰ ਭਾਸ਼ਾ ਵਿਭਾਗ ਪੰਜਾਬ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਅੱਜ ਜ਼ਿਲ੍ਹਾ ਭਾਸ਼ਾ ਦਫਤਰ ਮਾਨਸਾ ਵੱਲੋਂ ਭੀਖੀ ਦੇ ਮੋਹਤਬਰ ਦੁਕਾਨਦਾਰਾਂ, ਸਮਾਜ ਸੇਵੀ ਸੰਸਥਾਵਾਂ ਅਤੇ ਲੇਖਕਾਂ ਨਾਲ ਇਕੱਤਰਤਾ ਕੀਤੀ ਗਈ ਜਿਸ ਵਿੱਚ ਜਾਣਕਾਰੀ ਦਿੰਦਿਆਂ ਜ਼ਿਲ੍ਹਾ ਭਾਸ਼ਾ ਅਫ਼ਸਰ ਤੇਜਿੰਦਰ ਕੌਰ ਨੇ ਦੱਸਿਆ ਕਿ ਪੰਜਾਬੀ ਰਾਜ ਭਾਸ਼ਾ ਐਕਟ ਤਹਿਤ ਦੁਕਾਨਾਂ ਤੋਂ ਇਲਾਵਾ ਨਿੱਜੀ ਅਤੇ ਸਰਕਾਰੀ ਅਦਾਰਿਆਂ ਦਾ ਨਾਮ ਸਭ ਤੋਂ ਉੱਪਰ ਪੰਜਾਬੀ ਭਾਸ਼ਾ (ਗੁਰਮੁਖੀ ਲਿਪੀ) ਵਿੱਚ ਲਿਖਿਆ ਜਾਣਾ ਯਕੀਨੀ ਬਣਾਉਣਾ ਹੈ ਅਤੇ ਜੇਕਰ ਕਿਸੇ ਹੋਰ ਭਾਸ਼ਾ ਵਿੱਚ ਲਿਖਣਾ ਹੋਵੇ ਤਾਂ ਪੰਜਾਬੀ ਭਾਸ਼ਾ ਤੋਂ ਹੇਠਾਂ ਦੂਸਰੀ ਭਾਸ਼ਾ ਵਿੱਚ ਲਿਖਿਆ ਜਾਵੇ। ਪੰਜਾਬੀ ਭਾਸ਼ਾ ਵਿੱਚ ਲਿਖੇ ਨਾਮ ਨੂੰ ਬਾਕੀ ਭਾਸ਼ਾਵਾਂ ਨਾਲੋਂ (ਜੇਕਰ ਹੋਣ) ਵੱਧ ਥਾਂ ਦੇ ਕੇ ਮੁੱਖ ਤੌਰ 'ਤੇ ਲਿਖਿਆ ਜਾਣਾ ਚਾਹੀਦਾ ਹੈ। ਇਸ ਇਕੱਤਰਤਾ ਵਿੱਚ ਕਹਾਣੀਕਾਰ ਭੁਪਿੰਦਰ ਫੌਜੀ, ਡੀ.ਪੀ. ਜਿੰਦਲ, ਰਾਜਿੰਦਰ ਜਾਫਰੀ ਨੇ ਕਿਹਾ ਕਿ ਭਾਸ਼ਾ ਵਿਭਾਗ ਮਾਨਸਾ ਦਾ ਇਹ ਉਪਰਾਲਾ ਬਹੁਤ ਸ਼ਲਾਘਾਯੋਗ ਹੈ, ਇਸ ਕਾਰਜ ਲਈ ਅਸੀਂ ਵਿਭਾਗ ਦੇ ਨਾਲ ਮੋਢੇ ਨਾਲ ਮੋਢਾ ਜੋੜ ਕੇ ਕੰਮ ਕਰਾਂਗੇ। ਇਸ ਮੌਕੇ ਬਾਜ਼ਾਰ ਵਿੱਚ ਗੇੜਾ ਕੱਢਦਿਆਂ ਉਨ੍ਹਾਂ ਦੁਕਾਨਦਾਰਾਂ ਨੂੰ ਆਪਣੇ ਬੋਰਡ ਪੰਜਾਬੀ ਭਾਸ਼ਾ ਵਿੱਚ ਲਿਖਵਾਉਣ ਦੀ ਬੇਨਤੀ ਕੀਤੀ। ਆਖਰ ਵਿੱਚ ਵਿਭਾਗ ਦੇ ਖੋਜ ਅਫ਼ਸਰ ਸ਼ਾਇਰ ਗੁਰਪ੍ਰੀਤ ਨੇ ਸਭ ਦਾ ਧੰਨਵਾਦ ਕਰਦਿਆਂ ਕਿਹਾ ਕਿ ਪੰਜਾਬੀ ਭਾਸ਼ਾ ਦੀ ਇਹ ਖੂਬਸੂਰਤੀ ਹੈ ਕੀ ਇਸ ਕੋਲ ਆਪਣੀ ਲਿਪੀ ਹੈ ਤੇ ਸਾਨੂੰ ਸਭ ਨੂੰ ਇਹਦੀ ਵਰਤੋਂ ਕਰਦਿਆਂ ਮਾਨ ਮਹਿਸੂਸ ਕਰਨਾ ਚਾਹੀਦਾ ਹੈ। ਇਸ ਇਕਤਰਤਾ ਵਿੱਚ ਹੋਰਾਂ ਤੋਂ ਇਲਾਵਾ ਲਾਜਪਤ ਰਾਏ ਸ਼ਰਮਾ, ਦਰਸ਼ਨ ਟੇਲਰ, ਕਰਨ ਭੀਖੀ, ਬਲਦੇਵ ਸਿੱਧੂ, ਅਮਰੀਕ ਭੀਖੀ, ਗੁਰਿੰਦਰ ਔਲਖ, ਭੋਲਾ ਰਾਮ, ਸੁਖਚੈਨ ਸਿੰਘ ਅਤਲਾ, ਗੁਰਤੇਜ ਸਿੰਘ ਆਦਿ ਹਾਜ਼ਰ ਸਨ।

ਪ੍ਰਕਾਸ਼ ਪੁਰਬ ਮੌਕੇ ਸਾਬਕਾ ਡਿਪਟੀ ਸਪੀਕਰ ਤੇ ਸਾਬਕਾ ਵਿਧਾਇਕ ਦਿਨੇਸ਼ ਸਿੰਘ ਬੱਬੂ ਨੇ ਸਮੂਹ ਸੰਗਤ ਨੂੰ ਵਧਾਈ ਦਿੱਤੀ

ਆਜ਼ਾਦ ਸੋਚ, ਅਨਿਲ ਰਾਣਾ, ਜੁਗਿਆਲ, 17 ਜਨਵਰੀ :

ਪਿੰਡ ਚੱਕਾ ਮਾਦੋ ਸਿੰਘ ਵਿਖੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਪੁਰਬ ਸਬੰਧੀ ਸਾਬਕਾ ਡਿਪਟੀ ਸਪੀਕਰ ਤੇ ਸਾਬਕਾ ਵਿਧਾਇਕ ਦਿਨੇਸ਼ ਸਿੰਘ ਬੱਬੂ ਨੇ ਸਮੂਹ ਸੰਗਤ ਨੂੰ ਵਧਾਈ ਦਿੰਦਿਆਂ ਕਿਹਾ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪ੍ਰਕਾਸ਼ ਪੁਰਬ ਦੀ ਸੰਪੂਰਨਤਾ ਕੀਤੀ ? ਅਤੇ ਉਸ ਨੂੰ ਗੁਰੂ ਵਜੋਂ ਸਥਾਪਿਤ ਕੀਤਾ। ਬਚਿੱਤਰ ਨਾਟਕ ਉਸਦੀ ਆਤਮਕਥਾ ਹੈ। ਇਹ ਉਸਦੇ ਜੀਵਨ ਬਾਰੇ ਜਾਣਕਾਰੀ ਦਾ ਸਭ ਤੋਂ ਮਹੱਤਵਪੂਰਨ ਸਰੋਤ ਹੈ। ਇਹ ਦਸਮ ?ਗ੍ਰੰਥ ਦਾ ਹਿੱਸਾ ਹੈ। ਦਸਮ ਗ੍ਰੰਥ (ਪੁਸਤਕ) ਗੁਰੂ ਗੋਬਿੰਦ ਸਿੰਘ ਜੀ ਦੀਆਂ ਰਚਨਾਵਾਂ ਦੇ ਸੰਕਲਨ ਦਾ ਨਾਮ ਹੈ। ਉਸਨੇ ਬੇਇਨਸਾਫ਼ੀ, ਅੱਤਿਆਚਾਰ ਅਤੇ ਪਾਪਾਂ ਨੂੰ ਖਤਮ ਕਰਨ ਅਤੇ ਧਰਮ ਦੀ ਰੱਖਿਆ ਲਈ ਮੁਗਲਾਂ ਨਾਲ 14 ਜੰਗਾਂ ਲੜੀਆਂ। ਉਸ ਨੇ ਧਰਮ ਦੀ ਰਾਖੀ ਲਈ ਆਪਣਾ ਸਾਰਾ ਪਰਿਵਾਰ ਕੁਰਬਾਨ ਕਰ ਦਿੱਤਾ, ਜਿਸ ਕਾਰਨ ਉਸ ਨੂੰ 'ਸਰਬੰਸਦਾਨੀ' ਵੀ ਕਿਹਾ ਜਾਂਦਾ ਹੈ। ਇਸ ਤੋਂ ਇਲਾਵਾ ਆਪ ਜੀ ਨੂੰ ਆਮ ਲੋਕਾਂ ਵਿਚ ਕਲਗੀਧਰ, ਦਸਮੇਸ਼, ਬਾਜਨਵਾਲੇ ਆਦਿ ਕਈ ਨਾਵਾਂ, ਉਪਨਾਂ ਅਤੇ ਉਪਾਧੀਆਂ ਨਾਲ ਵੀ ਜਾਣਿਆ ਜਾਂਦਾ ਹੈ। ਗੁਰੂ ਗੋਬਿੰਦ ਸਿੰਘ ਸੰਸਾਰ ਦੀ ਕੁਰਬਾਨੀ ਪਰੰਪਰਾ ਵਿੱਚ ਵਿਲੱਖਣ ਹੋਣ ਦੇ ਨਾਲ-ਨਾਲ ਇੱਕ ਮਹਾਨ ਲੇਖਕ, ਮੌਲਿਕ ਚਿੰਤਕ ਅਤੇ ਸੰਸਕ੍ਰਿਤ ਸਮੇਤ ਕਈ ਭਾਸ਼ਾਵਾਂ ਦੇ ਜਾਣਕਾਰ ਵੀ ਸਨ। ਆਪ ਨੇ ਕਈ ਪੁਸਤਕਾਂ ਦੀ ਰਚਨਾ ਕੀਤੀ। ਉਹ ਵਿਦਵਾਨਾਂ ਦਾ ਸਰਪ੍ਰਸਤ ਸੀ। ਕਵੀਆਂ ਅਤੇ ਸਾਹਿਤਕ ਮਾਹਿਰਾਂ ਨੇ ਉਸ ਦੇ ਦਰਬਾਰ ਵਿਚ ਸ਼ਿਰਕਤ ਕੀਤੀ। ਉਹ ਭਗਤੀ ਅਤੇ ਸ਼ਕਤੀ ਦਾ ਅਨੋਖਾ ਸੁਮੇਲ ਸੀ। ਇਸੇ ਲਈ ਉਨ੍ਹਾਂ ਨੂੰ 'ਸੰਤ ਸਿਪਾਹੀ' ਵੀ ਕਿਹਾ ਜਾਂਦਾ ਹੈ।ਗੁਰੂ ਜੀ ਦਾ ਮੰਨਣਾ ਸੀ ਕਿ ਮਨੁੱਖ ਨੂੰ ਕਿਸੇ ਤੋਂ ਡਰਨਾ ਨਹੀਂ ਚਾਹੀਦਾ ਅਤੇ ਕਿਸੇ ਤੋਂ ਡਰਨਾ ਨਹੀਂ ਚਾਹੀਦਾ। ਉਹ ਆਪਣੀ ਆਵਾਜ਼ ਵਿੱਚ ਉਪਦੇਸ਼ ਕਰਦਾ ਹੈ, 'ਭੈ ਕਾਹੂ ਕੋ ਦੇਤ ਨਹੀਂ, ਨਾ ਭਇਆ ਮਨਤ ਆਂ'। ਬਚਪਨ ਤੋਂ ਹੀ ਉਹ ਸਾਦਾ, ਸਰਲ ਸੁਭਾਅ ਵਾਲਾ, ਸ਼ਰਧਾਲੂ ਕਰਮਯੋਗੀ ਸੀ। ਉਨ੍ਹਾਂ ਦੀ ਬੋਲੀ ਮਿਠਾਸ, ਸਾਦਗੀ, ਸ਼ਿਸ਼ਟਾਚਾਰ ਅਤੇ ਤਿਆਗ ਦੀ ਭਾਵਨਾ ਨਾਲ ਭਰਪੂਰ ਸੀ। ਇਸ ਮੌਕੇ ਜਨਰਲ ਸਕੱਤਰ ਬਲਵਿੰਦਰ ਸਿੰਘ ਮੱਖਣ, ਬਾਬਾ ਕੁਲਦੀਪ ਸਿੰਘ ਠਾਕੁਰ, ਵਰੁਣ ਸਿੰਘ ਬੱਗੂ ਦੀਕਸ਼ਿਤ ਠਾਕੁਰ ਆਦਿ ਹਾਜ਼ਰ ਸਨ।

ਰਾਸ਼ਟਰੀ ਯੁਵਾ ਹਫਤੇ ਅਧੀਨ ਯੂਥ ਫਾਰ ਪੀਸ ਡੇ ਦਾ ਆਯੋਜਨ ਕੀਤਾ ਗਿਆ

ਆਜ਼ਾਦ ਸੋਚ, ਅਵਤਾਰ ਸਿੰਘ ਕੌਲੀ, ਬਰਨਾਲਾ, 17 ਜਨਵਰੀ :

ਯੁਵਾ ਮਾਮਲੇ ਅਤੇ ਖੇਡ ਮੰਤਰਾਲੇ ਭਾਰਤ ਸਰਕਾਰ ਦੇ ਅਦਾਰੇ ਨਹਿਰੂ ਯੁਵਾ ਕੇਂਦਰ ਬਰਨਾਲਾ ਵੱਲੋਂ ਐੱਸ.ਡੀ. ਕਾਲਜ ਬਰਨਾਲਾ ਦੇ ਬੀ.ਵਾਕ. (ਸਾਫਟਵੇਅਰ ਡਿਵੈਲਪਮੈਂਟ) ਵਿਭਾਗ ਅਤੇ ਐਨ. ਐਸ. ਐਸ. ਵਿਭਾਗ ਦੇ ਸਹਿਯੋਗ ਨਾਲ ਯੂਥ ਫੋਰ ਪੀਸ ਡੇ ਦਾ ਆਯੋਜਨ ਕੀਤਾ ਗਿਆ ਜਿਸ ਵਿੱਚ ਲਗਭਗ 100 ਦੇ ਕਰੀਬ ਵਿਦਆਰਥੀਆਂ ਨੇ ਭਾਗ ਲਿਆ। ਇਸ ਪ੍ਰੋਗਰਾਮ ਦੇ ਮੁੱਖ ਮਹਿਮਾਨ ਸ. ਗੁਰਬਚਨ ਸਿੰਘ ਡੀ.ਐੱਸ.ਪੀ.ਬਰਨਾਲਾ ਸੀ।ਇਸ ਮੌਕੇ ਡਾ. ਰੀਤੂ ਅੱਗਰਵਾਲ ਨੇ ਵਿਦਿਆਰਥੀਆਂ ਨੂੰ ਯੂਥ ਫਾਰ ਪੀਸ ਡੇ ਮਨਾਉਣ ਦੇ ਮੁੱਖ ਉਦੇਸ਼ ਬਾਰੇ ਅਤੇ ਖੂਨਦਾਨ ਕਰਨ ਲਈ ਪ੍ਰੇਰਿਆ। ਵਿਦਿਆਰਥੀਆਂ ਨੂੰ ਸੜਕ ਸੁਰੱਖਿਆ ਬਾਰੇ ਸ. ਜਸਵਿੰਦਰ ਸਿੰਘ ਟ੍ਰੈਫਿਕ ਪੁਲਿਸ ਮੁਖੀ ਬਰਨਾਲਾ ਨੇ ਜਾਣਕਾਰੀ ਦਿੱਤੀ। ਮੰਚ ਦਾ ਸੰਚਾਲਨ ਪ੍ਰੋ. ਗੌਰਵ ਸਿੰਗਲਾ ਵੱਲੋਂ ਕੀਤਾ ਗਿਆ।ਇਸ ਮੌਕੇ ਬਲੱਡ ਬੈਂਕ ਸਿਵਲ ਹਸਪਤਾਲ ਬਰਨਾਲਾ ਵੱਲੋਂ ਵਿਦਿਆਰਥੀਆਂ ਨੂੰ ਕੀਟਾਂ ਵੰਡੀਆਂ ਗਈਆਂ। ਕਾਲਜ ਪ੍ਰਿੰਸੀਪਲ ਡਾ. ਰਮਾ ਸ਼ਰਮਾ ਵੱਲੋਂ ਸਾਰੇ ਮਹਿਮਾਨਾਂ ਦਾ ਧੰਨਵਾਦ ਕੀਤਾ ਗਿਆ। ਇਸ ਮੌਕੇ ਨਹਿਰੂ ਯੁਵਾ ਕੇਂਦਰ ਬਰਨਾਲਾ ਦੇ ਵਲੰਟੀਅਰ ਨਵਰਾਜ ਸਿੰਘ, ਜਸਪ੍ਰੀਤ ਸਿੰਘ, ਰਘਵੀਰ ਸਿੰਘ, ਸਾਜਨ ਸਿੰਘ, ਅੰਮ੍ਰਿਤ ਸਿੰਘ, ਜਗਦੀਸ਼ ਸਿੰਘ ਅਤੇ ਬਲਜਿੰਦਰ ਕੌਰ, ਆਦਿ ਹਾਜ਼ਿਰ ਸਨ।

ਸਾਦਿਕ ਦੇ ਨਵੀਨ ਅਰੋੜਾ ਪੁੱਤਰ ਜਗਦੀਸ ਲਾਲ ਦਾ ਵਿਆਹ ਕਾਜਲ ਸਪੁੱਤਰੀ ਸੁਭਾਸ਼ ਮਹਿਤਾ ਵਾਸੀ ਕੋਟਕਪੂਰਾ ਨਾਲ ਪੂਰੇ ਰੀਤੀ ਰਿਵਾਜਾਂ ਅਨੁਸਾਰ ਹੋਇਆ। (ਫ਼ੋਟੋ ਤੇ ਵੇਰਵਾ ਗੁਲਜ਼ਾਰ ਮਦੀਨਾ ਸਾਦਿਕ)

ਕਾਂਗਰਸ ਨੇ ਹਮੇਸ਼ਾ ਸਨਾਤਨ ਧਰਮ ਦੀ ਪਿੱਠ 'ਤੇ ਕੀਤਾ ਵਾਰ : ਸਿੰਗਲਾ

ਅਜ਼ਾਦ ਸੋਚ, ਸ਼ੰਭੂ ਗੋਇਲ, ਲਹਿਰਾਗਾਗਾ, 17 ਜਨਵਰੀ :

ਅਯੁਧਿਆ ਵਿਖੇ ਭਗਵਾਨ ਸ੍ਰੀ ਰਾਮ ਚੰਦਰ ਜੀ ਦੇ ਬਣ ਰਹੇ ਮੰਦਰ ਸਬੰਧੀ 22 ਜਨਵਰੀ ਨੂੰ ਹੋਣ ਜਾ ਰਹੇ ਉਦਘਾਟਨ ਸਮਾਗਮ ਨੂੰ ਲੈ ਕੇ ਜਿੱਥੇ ਪੂਰਾ ਦੇਸ਼ ਰਾਮਮਈ ਬਣਨ ਜਾ ਰਿਹਾ ਹੈ, ਉਥੇ ਹੀ ਪੰਜਾਬ ਦੇ ਲੋਕਾਂ ਵਿੱਚ ਪੂਰਾ ਉਤਸਾਹ ਹੈ, ਪ੍ਰੰਤੂ ਕਾਂਗਰਸ ਵੱਲੋਂ ਰਾਮ ਮੰਦਰ ਦੇ ਉਦਘਾਟਨ ਦਾ ਸੱਦਾ ਪੱਤਰ ਠਕਰਾਉਣਾ ਬਹੁਤ ਮੰਦਭਾਗਾ ਹੈ। ਇਸ ਦੀ ਨਿਖੇਧੀ ਕਰਦਿਆਂ ਭਾਜਪਾ ਦੇ ਸੂਬਾ ਕਾਰਜਕਾਰੀ ਮੈਂਬਰ ਵਿਨੋਦ ਸਿੰਗਲਾ ਲਹਿਰਾਗਾਗਾ ਨੇ ਅੱਗੇ ਕਿਹਾ, ਕਿ ਕਾਂਗਰਸ ਪਾਰਟੀ ਨੇ ਹਮੇਸ਼ਾ ਸਨਾਤਨ ਧਰਮ ਦੇ ਖ਼ਿਲਾਫ਼ ਹੀ ਕੰਮ ਕੀਤਾ ਹੈ। ਸਿੰਗਲਾ ਨੇ ਕਿਹਾ ਕਿ 1947 ਤੋਂ ਹੀ ਕਾਂਗਰਸ ਦੀ ਨੀਤੀ ਸਨਾਤਨ ਧਰਮ ਨੂੰ ਦੱਬ ਕੇ ਰੱਖਣ ਦੀ ਰਹੀ ਹੈ। 22 ਜਨਵਰੀ ਦੀ ਰਾਤ ਇਕ ਵਾਰ ਫਿਰ ਦਿਵਾਲੀ ਵਾਲੀ ਰਾਤ ਦੀ ਤਰ੍ਹਾਂ ਜਾਪਣ ਲੱਗੇਗੀ, ਪ੍ਰੰਤੂ ਕਾਂਗਰਸ ਅਤੇ ਉਸਦੀ ਹਮਾਇਤੀ ਪਾਰਟੀਆਂ ਅਯੁਧਿਆ ਵਿਖੇ ਬਣ ਰਹੇ ਸ੍ਰੀ ਰਾਮ ਜੀ ਦੇ ਮੰਦਰ ਤੋਂ ਨਾ ਖੁਸ਼ ਜਾਪ ਰਹੀਆਂ ਹਨ। ਵਿਨੋਦ ਸਿੰਗਲਾ ਨੇ ਅੱਗੇ ਦੱਸਿਆ ਕਿ ਕਾਂਗਰਸ ਅਤੇ ਹੋਰਨਾਂ ਪਾਰਟੀਆਂ ਨੇ ਹਮੇਸ਼ਾ ਹਿੰਦੂਆਂ ਨੂੰ ਅੱਖੋਂ ਪਰੋਖੇ ਕੀਤਾ ਹੈ ਅਤੇ ਉਹਨਾਂ ਦੀ ਪਿੱਠ ਤੇ ਵਾਰ ਕੀਤਾ ਹੈ। ਜਿਸ ਦਾ ਸਨਾਤਮ ਧਰਮੀ ਵਿਅਕਤੀ ਇਸ ਮੌਕਾ ਪ੍ਰਸਤੀ ਅਤੇ ਸੱਤਾ ਦੀਆਂ ਭੁੱਖੀਆਂ ਕਾਂਗਰਸ ਸਮੇਤ ਹੋਰ ਪਾਰਟੀਆਂ ਦਾ ਡਟ ਕੇ ਬਾਈਕਾਟ ਕਰਨਗੇ। ਉਹਨਾਂ ਇਹ ਵੀ ਦੱਸਿਆ ਕਿ 2024 ਵਿੱਚ ਹੋਣ ਜਾ ਰਹੀਆਂ ਲੋਕ ਸਭਾ ਚੋਣਾਂ ਵਿੱਚ ਸਨਾਤਨ ਧਰਮ ਦੇ ਲੋਕ ਡਟਕੇ ਭਾਜਪਾ ਦੇ ਹੱਕ ਵਿੱਚ ਵੋਟਾਂ ਪਾਉਣਗੇ ਅਤੇ ਲਗਾਤਾਰ ਤੀਜੀ ਵਾਰ ਦੇਸ਼ ਦੀ ਵਾਗਡੋਰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਹੱਥ ਸੌਂਪਣਗੇ।

ਗਰੀਨ ਫ਼ੀਲਡ ਕਾਨਵੈਂਟ ਸਕੂਲ ਦਾਨਗੜ੍ਹ ਵਿਖੇ ਪ੍ਰਕਾਸ਼ ਦਿਹਾੜਾ ਸ਼ਰਧਾ ਨਾਲ ਮਨਾਇਆ

ਆਜ਼ਾਦ ਸੋਚ, ਅਵਤਾਰ ਸਿੰਘ ਕੌਲੀ, ਬਰਨਾਲਾ, 17 ਜਨਵਰੀ :

ਗਰੀਨ ਫ਼ੀਲਡ ਕਾਨਵੈਂਟ (ਸੀਨੀਅਰ ਸੈਕੰਡਰੀ) ਸਕੂਲ ਦਾਨਗੜ੍ਹ ਵਿਖੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਦਿਹਾੜਾ ਧੂਮ-ਧਾਮ ਨਾਲ ਮਨਾਇਆ ਗਿਆ। ਇਸ ਮੌਕੇ ਮੈਡਮ ਸੰਦੀਪ ਕੌਰ ਦੁਆਰਾ ਗੁਰੂ ਗੋਬਿੰਦ ਸਿੰਘ ਜੀ ਦੀ ਜੀਵਨੀ ਬਾਰੇ ਚਾਨਣਾ ਪਾਇਆ। ਉਨ੍ਹਾਂ ਨੇ ਦੱਸਿਆ ਗੁਰੂ ਗੋਬਿੰਦ ਸਿੰਘ ਦੀ ਸਿੱਖਾਂ ਦੇ ਦਸਵੇਂ ਗੁਰੂ ਹੋਏ ਸਨ। ਆਪ ਜੀ ਨੇ ਭਾਰਤ ਦੀ ਸੁੱਤੀ ਹੋਈ ਕੌਮ ਨੂੰ ਜਗਾਇਆ ਅਤੇ ਮੁਰਦਾ ਰੂਹ ਵਿੱਚ ਜਾਨ ਪਾਈ। ਆਪ ਜੀ ਇੱਕ ਮਹਾਨ ਕਵੀ, ਬਹਾਦਰ ਜਰਨੈਲ, ਸੂਝਵਾਨ ਆਗੂ ਅਤੇ ਦੁਖੀਆਂ ਦੇ ਦੁੱਖ ਨੂੰ ਦੂਰ ਕਰਨ ਵਾਲੇ ਸਨ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਜਨਮ 26 ਦਸੰਬਰ 1666 ਈ. ਨੂੰ ਬਿਹਾਰ ਪ੍ਰਾਂਤ ਦੀ ਰਾਜਧਾਨੀ ਪਟਨਾ ਵਿਖੇ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਘਰ ਮਾਤਾ ਗੁਜਰੀ ਜੀ ਦੀ ਕੁੱਖੋਂ ਹੋਇਆ। 1673 ਈ. ਨੂੰ ਆਪ ਜੀ ਦੇ ਪਿਤਾ ਆਪ ਜੀ ਨੂੰ ਆਨੰਦਪੁਰ ਸਾਹਿਬ ਲੈ ਆਏ। ਬਚਪਨ ਵਿੱਚ ਆਪ ਬਾਲਕਾਂ ਦੀਆਂ ਫੌਜਾਂ ਬਣਾ ਕੇ ਇੱਕ-ਦੂਜੇ ਵਿਰੁੱਧ ਨਕਲੀ ਲੜਾਈਆਂ ਕਰਦੇ ਸਨ। ਆਪ ਜੀ ਬਾਲਕ ਅਵਸਥਾ ਵਿੱਚ ਹੀ ਇੱਕ ਮਹਾਨ ਯੋਧਾ ਸੀ। ਅੰਤ ਆਪ ਜੀ 1708 ਈ. ਵਿੱਚ ਦੱਖਣ ਵੱਲ ਚਲੇ ਗਏ। ਨਾਂਦੇੜ ਨਾਂ ਦੇ ਸਥਾਨ ਤੇ ਆਪ ਜੀ ਦਾ ਮੇਲ ਮਾਧੋ ਨਾਮ ਦੇ ਵੈਰਾਗੀ ਨਾਲ ਹੋਇਆ। ਸਰਹਿੰਦ ਦੇ ਨਵਾਬ ਵਜੀਰ ਖਾਂ ਨੇ ਗੁਰੂ ਜੀ ਨੂੰ ਮਾਰ ਮੁਕਾਉਣ ਲਈ ਦੋ ਪਠਾਨ ਨਾਂਦੇੜ ਭੇਜੇ ਜਿਨ੍ਹਾਂ ਨੇ ਇੱਕ ਰਾਤ ਗੁਰੂ ਜੀ ਉੱਤੇ ਖੂਨੀ ਹਮਲਾ ਕੀਤਾ। ਆਪ ਜੀ ਨੂੰ ਕਟਾਰ ਦਾ ਡੂੰਘਾ ਜ਼ਖਮ ਲੱਗਿਆ, ਕੁਝ ਚਿਰ ਬਾਅਦ ਤੀਰ-ਕਮਾਨ ਚਾੜ੍ਹਨ ਕਰਕੇ ਇਹ ਟਾਂਕੇ ਅਜਿਹੇ ਟੁੱਟੇ ਕਿ ਮੁੜ ਸੀਤੇ ਨਾ ਗਏ। ਆਪ ਜੀ ਨੇ ਗੁਰ-ਸਿੱਖਾਂ ਨੂੰ ਸੱਦ ਕੇ ਆਖਿਆ ਕਿ ਅੱਜ ਤੋਂ ਸਿੱਖਾਂ ਦੇ ਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਹੋਣਗੇ। ਅੰਤ ਆਪ 7 ਅਕਤੂਬਰ 1708 ਈ. ਨੂੰ ਜੋਤੀ-ਜੋਤ ਸਮਾ ਗਏ। ਇਸ ਮੌਕੇ ਬੱਚਿਆਂ ਦੁਆਰਾ ਸ਼ਬਦ, ਕੀਰਤਨ, ਕਵੀਸ਼ਰੀ ਆਦਿ ਗਾਇਨ ਕੀਤੀ ਗਈ। ਇਸ ਮੌਕੇ ਚੇਅਰਮੈਨ ਸ. ਸੁਖਮਿੰਦਰ ਸਿੰਘ ਗਿੱਲ ਨੇ ਸਭ ਨੂੰ ਗੁਰੂ ਸਾਹਿਬ ਜੀ ਦੇ ਅਵਤਾਰ ਦਿਹਾੜੇ ਦੀਆਂ ਲੱਖ- ਲੱਖ ਵਧਾਈਆਂ ਦਿੱਤੀਆਂ। ਇਸ ਮੌਕੇ ਵਾਈਸ ਪ੍ਰਿੰਸੀਪਲ ਡਾ. ਮਨਪ੍ਰੀਤ ਕੌਰ, ਇੰਚਾਰਜ ਅਜਿੰਦਰਪਾਲ ਟਿਵਾਣਾ, ਅਸਿਸਟੈਂਟ ਕੋਆਰਡੀਨੇਟਰ ਅਮਨਪ੍ਰੀਤ, ਮੈਡਮ ਜਸਵਿੰਦਰ ਅਤੇ ਅਧਿਆਪਕ ਗੁਰਵਿੰਦਰ ਪਾਲ ਸਿੰਘ ਆਦਿ ਹਾਜ਼ਰ ਸਨ।

ਛਾਪੇਮਾਰੀ ਦੌਰਾਨ 30 ਬੋਤਲਾਂ ਨਜਾਇਜ਼ ਸ਼ਰਾਬ ਬਰਾਮਦ

ਅਜ਼ਾਦ ਸੋਚ,ਸ਼ੰਭੂ ਗੋਇਲ, ਲਹਿਰਾਗਾਗਾ, 17 ਜਨਵਰੀ :

ਥਾਣਾ ਮੂਨਕ ਦੀ ਪੁਲਿਸ ਨੇ ਛਾਪੇਮਾਰੀ ਦੌਰਾਨ ਇੱਕ ਵਿਅਕਤੀ ਦੇ ਘਰੋਂ 30 ਬੋਤਲਾਂ ਨਜਾਇਜ਼ ਸ਼ਰਾਬ ਬਰਾਮਦ ਕੀਤੀ ਹੈ ਜਦੋਂ ਕਿ ਦੋਸ਼ੀ ਮੌਕੇ ਤੋਂ ਫਰਾਰ ਹੋਣ ਵਿੱਚ ਸਫਲ ਰਿਹਾ। ਇਸ ਸਬੰਧੀ ਥਾਣਾ ਮੁਖੀ ਮੂਨਕ ਸੁਰਿੰਦਰ ਭੱਲਾ ਨੇ ਦੱਸਿਆ ਕਿ ਹੌਲਦਾਰ ਰਾਜਪਾਲ ਸਮੇਤ ਸਾਥੀ ਕਰਮਚਾਰੀਆਂ ਦੇ ਗਸ਼ਤ ਅਤੇ ਚੈਕਿੰਗ ਸਬੰਧੀ ਨਵਾਂ ਬੱਸ ਅੱਡਾ ਮੂਨਕ ਵਿਖੇ ਮੌਜੂਦ ਸਨ।ਉਸ ਸਮੇਂ ਮੁਖਬਰ ਖਾਸ ਨੇ ਇਤਲਾਹ ਦਿੱਤੀ ਕਿ ਵਜ਼ੀਰ ਸਿੰਘ ਵਾਸੀ ਮਕੋਰੜ ਸਾਹਿਬ, ਥਾਣਾ ਮੂਨਕ ਜੋ ਲਾਹਣ ਕਸੀਦ ਕੇ ਨਜਾਇਜ਼ ਸ਼ਰਾਬ ਕੱਢ ਕੱਢਦਾ ਹੈ ਅਤੇ ਅਪਨੇ ਘਰ ਵਿੱਚ ਰੱਖ ਕੇ ਵੇਚਣ ਦਾ ਆਦੀ ਹੈ। ਜੇਕਰ ਹੁਣੇ ਛਾਪਾਮਾਰੀ ਕੀਤੀ ਜਾਵੇ ਤਾਂ ਉਸਦੇ ਘਰੋਂ ਨਜਾਇਜ਼ ਸ਼ਰਾਬ ਬਰਾਮਦ ਹੋ ਸਕਦੀ ਹੈ। ਇਤਲਾਹ ਸੱਚੀ ਤੇ ਭਰੋਸ